

ਸੱਚ ਦਾ ਤੂਫ਼ਾਨ
www.PunjabiLibrary.com
ਲੇਖਕ ਸੁੱਖ ਸਿੰਘ ਸੱਟ

ਲੇਖ਼ਕ ਸੁੱਖ ਸਿੰਘ ਮੱਟ

ਇਹ ਰਚਨਾ ਮੇਰੇ ਦੁਆਰਾ ਉਹਨਾਂ ਬੰਦਿਆ ਲਈ ਲਿਖੀ ਗਈ ਹੈ ਜੋ ਜਾਇਦਾਦ ਧੰਨ ਦਾ ਗਰੀਬਾ ਤੇ ਹੰਕਾਰ ਜਤਾਉਂਦੇ ਦੇ ਨੇ ਤੇ ਗ਼ਰੀਬ ਲੋਕਾਂ ਦਾ ਗਲ ਘੁੱਟਦੇ ਨੇ ।

ਇਸ ਰਚਨਾ ਵਿੱਚ ਮੈਂ ਆਪਣੀ ਨਿੱਜੀ ਜ਼ਿੰਦਗੀ ਦਾ ਸੱਚ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਮੈਨੂੰ ਉਮੀਦ ਹੈ ਤੁਹਾਨੂੰ ਮੇਰਾ ਇਹ ਸੱਚ ਲਿਖਿਆ ਪਸੰਦ ਆਵੇਗਾ ।

ਮੈਂ ਲੋਕਾਂ ਦੀ ਇਹ ਗੱਲ ਤੋਂ ਬਹੁਤ ਹੈਰਾਨ ਆ ਜੋ ਕਿ ਲੋਕਾਂ ਦਾ ਹੰਕਾਰ ਹੈ । ਆਪਣੀ ਨਿੱਜੀ ਜਾਇਦਾਦ ਧੰਨ ਦਾ ਲੋਕ ਹੰਕਾਰ ਕਿਉਂ ਕਰਦੇ ਨੇ ?

ਮੈਂ ਤੁਹਾਡੇ ਨਾਲ ਇੱਕ ਗੱਲ ਸਾਂਝੀ ਕਰਨ ਲੱਗਾ ਪਤਾ ਨਹੀਂ ਮੈਨੂੰ ਇਹ ਗੱਲ ਕਹਿਣੀ ਚਾਹੀਦੀ ਸੀ ਜਾਂ ਨਹੀਂ।

ਮੈਨੂੰ ਪੰਜ ਸਾਲ ਹੋਗੇ ਇੱਕ ਪ੍ਰਾਈਵੇਟ ਨੋਕਰੀ ਕਰਦੇ ਨੂੰ ਮੇਰੀ ਨੋਕਰੀ ਕੁੱਝ ਇਸ ਤਰਾਂ ਦੀ ਹੈ ਮੈਨੂੰ ਸਾਰਾ ਦਿਨ ਘਰਾ ਚ ਜਾਕੇ ਲੋਕਾਂ ਦੇ ਦਰਵਾਜ਼ੇ ਖੜਕਾਉਣੇ ਪੈਂਦੇ ਨੇ ਮਤਲਬ ਫੀਲਡ ਜੋਬ । ਇਹ ਤਾਂ ਨਹੀਂ ਅਸੀ ਸਿਧੇ ਲੋਕਾਂ ਦੇ ਘਰਾਂ ਚ ਜਾ ਵੜਦੇ ਆ ਪਹਿਲਾਂ ਫੋਨ ਤੇ ਪਤਾ ਤੇ ਆਉਣ ਬਾਰੇ ਦੱਸਦੇ ਹਾਂ ਤੇ ਜਿਹਨਾਂ ਕੋਲ ਜਾਣਾ ਉਹਨਾਂ ਦਾ ਪਤਾ ਵੀ ਪੁੱਛਣਾ ਪੈਦਾ ।

ਕਈ ਲੋਕ ਤਾਂ ਵਧੀਆ ਇੱਜ਼ਤ ਨਾਲ ਜੀ ਕਹਿਕੇ ਗੱਲ ਕਰਦੇ ਹਨ ਤੇ ਘਰ ਆਉਣ ਲਈ ਵੀ ਖੁੱਲੇ ਦਿਲ ਨਾਲ ਕਹਿ ਦਿੰਦੇ ਨੇ ਜਦੋਂ ਮਰਜ਼ੀ ਆਜੀ ਸਰ ,ਪੁੱਤ ,ਬੇਟਾ ਵੀਰ , ਭਰਾ ਤੇ ਕਈ ਲੋਕ ਕੀ ਕਰੇਗਾ ਤੂੰ ਘਰ ਆਕੇ , ਤੁਹਾਨੂੰ ਦੇ ਤਾਂ ਦਿੱਤਾ ਸਭ ਕੁੱਝ , ਮੈਂ ਕਿਹੜਾ ਚੋਰ ਆ , ਜਾ ਭੱਜ ਚੱਲਿਆ ।। ਮੈਂ ਦੱਸ ਨਹੀਂ ਸਕਦਾ ਮੈ ਕੀ ਜੋਬ ਕਰਦਾ ਕੁੱਝ ਗੱਲਾਂ ਪਰਸਨਲ ਨੇ ।

ਲੋੜ ਤਾਂ ਸਾਡੇ ਤੱਕ ਇਹਨਾਂ ਲੋਕਾਂ ਨੂੰ ਹੀ ਹੁੰਦੀ ਹੈ ਪਰ ਬਦਮਾਸ਼ੀ ਆਕੜ ਸਾਡੇ ਉਤੇ ਕਰੀ ਜਾਂਦੇ ਨੇ ਕਿਉਂਕਿ ਇਹਨਾਂ ਲੋਕਾਂ ਕੋਲ ਜਾਇਦਾਦ ਧੰਨ ਬਹੁਤ ਹੁੰਦਾ ਹੈ ਜ਼ਮੀਰ ਤੇ ਰੱਬ ਇਹਨਾਂ ਨੇ ਕਦੇ ਦੇਖਿਆ ਨਹੀਂ ਕੀ ਹੁੰਦਾ ਹੈ।

**ਪਹਿਲਾਂ ਇਨਸਾਨ** : ਕੁੱਝ ਦਿਨ ਪਹਿਲਾਂ ਮੇਰਾ ਸਾਥੀ ਦੋ ਦਿਨ ਛੁੱਟੀ ਤੇ ਸੀ ਮੈਂ ਆਪਣੇ ਸ਼ਹਿਰ ਦਾ ਤੇ ਉਸਦੇ ਸ਼ਹਿਰ ਦਾ ਕੰਮ ਵੀ ਮੈਂ ਦੇਖ ਰਿਹਾ ਸੀ । ਕਿਉਂਕਿ ਜਦੋਂ ਇੱਕ ਬੰਦਾ ਛੁੱਟੀ ਤੇ ਹੋਵੇ ਸਾਨੂੰ ਇੱਕ ਦੂਜੇ ਦਾ ਕੰਮ ਦੇਖਣਾ ਪੈਂਦਾ ।

ਮੈਂ ਆਪਣੇ ਸ਼ਹਿਰ ਦਾ ਕੰਮ ਕਰਕੇ ਤਕਰੀਬਨ ਇੱਕ ਵਜੇ ਦੁਪਹਿਰੇ ਦੂਜੇ ਸ਼ਹਿਰ ਨੂੰ ਕੰਮ ਦੇਖਣ ਚੱਲਾ ਗਿਆ ।

ਧੁੱਪ ਵਿੱਚੋਂ ਅੱਗ ਨਿਕਲਦੀ ਦਿਖ ਰਹੀ ਸੀ ਸੜਕਾਂ ਤੇ ਗਰਮੀ ਨਾਲ ਕੱਪੜੇ ਵੀ ਭਿੱਜ ਰਹੇ ਸੀ ਪਹਿਲਾਂ ਲੋਕਲ ਸ਼ਹਿਰ ਦਾ ਕੰਮ ਦੇਖਣ ਲੱਗਾ ਜਿਸ ਵਿੱਚ ਤਕਰੀਬਨ ਮੈਨੂੰ ਦੋ ਤੋਂ ਤਿੰਨ ਘੰਟੇ ਲੱਗੇ , ਸ਼ਹਿਰ ਦਾ ਲੋਕਲ ਕੰਮ ਕਰਦਿਆਂ ਚਾਰ ਵੱਜ ਚੁੱਕੇ ਸੀ ਤੇ ਮੈਂ ਪਿੰਡਾਂ ਵੱਲ ਨੂੰ ਤੁਰ ਪਿਆ । ਬਗਾਨੇ

ਸ਼ਹਿਰ ਦਾ ਭੇਦ ਥੋੜਾ ਘੱਟ ਹੁੰਦਾ ਮੈਨੂੰ ਕੰਮ ਵਿੱਚ ਵੀ ਟਾਇਮ ਜ਼ਿਆਦਾ ਲੱਗ ਰਿਹਾ ਸੀ।

ਲਾਸਟ ਮੇਰੀ ਇੱਕ ਵਿਜ਼ਿਟ ਰਹਿੰਦੀ ਸੀ। ਮੈ ਵਾਰ ਵਾਰ ਇਹੋ ਸੋਚ ਰਿਹਾ ਸੀ ਜਲਦੀ ਕੰਮ ਖਤਮ ਹੋਵੇ ਤੇ ਆਪਣੇ ਸ਼ਹਿਰ ਆਪਣੇ ਘਰ ਨੂੰ ਜਾਵਾਂ ਕਿਉਂਕਿ ਇੱਕ ਤਾਂ ਸਵੇਰ ਦੀ ਇੱਕ ਰੋਟੀ ਖਾ ਆਇਆ ਸੀ ਦੁਪਹਿਰੇ ਵੀ ਕੁੱਝ ਖਾ ਨਹੀਂ ਸਕਿਆ ਵੈਸੇ ਕੰਮ ਵੀ ਮੇਰਾ ਇਹੋ ਜਿਹਾ ਕਈ ਵਾਰ ਸਾਰਾ ਦਿਨ ਘਰਦਾ ਪਾਣੀ ਤੇ ਰੋਟੀ ਵੀ ਨਸੀਬ ਨਹੀਂ ਹੁੰਦੀ। ਧੁੱਪ ਗਰਮੀ ਧੂੜ ਘੱਟੇ ਵਿੱਚ ਬੁਰਾ ਹਾਲ ਸੀ ਰੁਮਾਲ ਨਾਲ ਮੂੰਹ ਤੋਂ ਮਿੱਟੀ ਸਾਫ ਕਰਦੇ ਨੇ ਤੇ ਅੱਖਾਂ ਮੱਲਦੇ ਨੇ ਲਾਸਟ ਵਾਲੀ ਵਿਜ਼ਿਟ ਤੇ ਬੰਦੇ ਨੂੰ ਫੋਨ ਲਾਇਆ ਤੇ ਅੱਗੋਂ ਔਖਾ ਭਾਰਾ ਬੋਲਦਾ ਹੋਇਆ ਆਜਿਉ ਥੋੜੇ ਟਾਈਮ ਤੱਕ ਮੈਂ ਸ਼ਹਿਰ ਆ ਮੈਨੂੰ ਵੀ ਉਹਦੇ ਪਿੰਡ ਪਹੁੰਚਣ ਨੂੰ 10 ਮਿੰਟ ਲੱਗਣੇ ਸੀ। ਮੈਂ ਸਾਰਾ ਦਿਨ ਦਾ ਥੱਕਿਆ ਹੋਇਆ ਤੇ ਘਰ ਦੀਆਂ ਮਜ਼ਬੂਰੀਆਂ ਤੋਂ ਪ੍ਰੇਸ਼ਾਨ ਸੋਚਦਾ ਜਾ ਰਿਹਾ ਸੀ ਪਤਾ ਨਹੀਂ ਜ਼ਿੰਦਗੀ ਇਹ ਜੋਬ ਹੋਰ ਕਿੰਨਾ ਟਾਈਮ ਕਰਵਾਏ ਗੀ।

ਅਸਲ ਵਿੱਚ ਜੋਬ ਤਾਂ ਮੇਰੀ ਠੀਕ ਠਾਕ ਹੈ ਪਰ ਕਦੇ ਕਦੇ ਕੰਮ ਲੇਟ ਹੋਣ ਤੇ ਆਫਿਸ ਵਾਲੇ ਫੋਨ ਤੇ ਫੋਨ ਚਾੜੀ ਰੱਖਦੇ ਨੇ ਉਹਦਾ ਤਾ ਕੋਈ ਗਿਲਾ ਨਹੀਂ ਤੇ ਤਨਖਾਹ ਨਾਲ ਆਪਣਾ ਖਰਚਾ ਤੇ ਪੜਾਈ ਦਾ ਖਰਚਾ ਵਧੀਆ ਚੱਲਦਾ ਪਰ ਉਹ ਹੰਕਾਰੀ ਲੋਕਾਂ ਤੋਂ ਬਹੁਤ ਪ੍ਰੇਸ਼ਾਨ ਹੋ ਜਾਈਦਾ ਕਦੇ ਕਦੇ

। ਫੇਰ ਸੋਚਿਆ ਚੱਲ ਕੋਈ ਨਹੀਂ ਦਿਨ ਵਿੱਚ ਏਦਾਂ ਦੇ ਇੱਕ ਦੋ ਹੰਕਾਰੀ ਬੰਦੇ ਮਿਲ ਜਾਂਦੇ ਨੇ ਤੇ ਕਈ ਵਾਰ ਦਿਨ ਵਧੀਆ ਵੀ ਲੰਘ ਜਾਂਦਾ ਕਦੇ ਨਹੀਂ ਵੀ।

ਇਹ ਸੋਚਦਾ ਉਹਦੇ ਪਿੰਡ ਜਾ ਪਹੁੰਚਿਆ ਤੇ ਫੇਰ ਉਹਨੂੰ ਫੋਨ ਲਾਇਆ ਮੈਨੂੰ ਕਹਿੰਦਾ ਪਿੰਡ ਦੀ ਬਾਹਰ ਫਿਰਨੀ ਤੇ ਛੱਪੜ ਕੋਲ ਰੁੱਕ ਮੈਂ ਦੱਸ ਮਿੰਟ ਤੱਕ ਪਹੁੰਚਦਾ ਮੈਂ ਛਾ ਦੇਖਕੇ ਇੱਕ ਕਿੱਕਰ ਥੱਲੇ ਉਹਦਾ ਇੰਤਜ਼ਾਰ ਕਰਨ ਲੱਗਾ ਤੇ ਉਹਦਾ ਇੰਤਜ਼ਾਰ ਕਰਦੇ ਨੂੰ ਵੀਹ ਪੱਚੀ ਮਿੰਟ ਹੋਗੇ ਮੈਂ ਦੁਬਾਰਾ ਫੋਨ ਲਾਇਆ ਅੱਗੋਂ ਫੇਰ ਔਖਾ ਭਾਰਾ ਬੋਲਿਆ ਕਹਿੰਦਾ ਆਉਨਾ ਯਾਰ ਦੋ ਮਿੰਟ ਚ ,ਦੋ ਮਿੰਟ ਬਾਅਦ ਆਇਆ ਤੇ ਮੇਰੇ ਕੋਲ ਗੱਡੀ ਦੀ ਬਰੇਕ ਮਾਰਕੇ ਹਾਂ ਦੱਸ ਕੀ ਕੰਮ ਆ , ਮੈਂ ਸਰ ਘਰ ਜਾਣਾ ਸੀ ਤੁਹਾਡੇ ਫਲਾਣਾ ਕੰਮ ਲਈ ਆਇਆਂ ਸੀ ਕਹਿਦਾ ਆਜਾ ਮੇਰੀ ਗੱਡੀ ਪਿੱਛੇ ਮੈਂ ਆਪਣੀ ਬਾਈਕ ਉਸਦੀ 25 ਲੱਖ ਵਾਲੀ ਗੱਡੀ ਪਿੱਛੇ ਲਾ ਲਈ ਤੇ ਉਸਨੇ ਆਪਣੇ ਘਰਦੇ ਗੇਟ ਅੰਦਰ ਗੱਡੀ ਵਾੜ ਬਰੇਕ ਮਾਰੀ ।ਮੇ ਉਹਦੇ ਘਰ ਤੋਂ ਬਾਹਰ ਆਪਣਾ ਬਾਈਕ ਖੜਾ ਕੀਤਾ ਤੇ ਉਹਦੇ ਕੋਲ ਜਾ ਖੜਿਆ

ਉਹ ਅੱਗੋਂ ਮੈਨੂੰ ਬਿਨਾਂ ਪਾਣੀ ਚਾਹ ਪੁੱਛੇ ਮੈਨੂੰ ਕਹਿਣ ਲੱਗਾ ਜਲਦੀ ਕਰੀ ਕੀ ਕਰਨਾ ਤੂੰ ,ਮੈਂ ਜੀ ਸਰ । ਉਹਦੇ ਘਰ ਵੱਲ ਵੇਖਿਆ ਕਰੋੜਾਂ ਰੁਪਏ ਦਾ ਘਰ ਬਣਿਆ ਹੋਇਆ ਸੀ ।

ਮੈਂ ਆਪਣਾ ਕੰਮ ਕਰਦਿਆਂ ਨੇ ਪੁੱਛ ਪੜਤਾਲ ਵਿੱਚ ਉਸਨੂੰ ਪੁੱਛਿਆ ਜੋ ਮੇਰਾ ਸਵਾਲ ਬਣਦਾ ਸੀ ।ਜ਼ਮੀਨ ਕਿੰਨੇ ਏਕੜ ਹੈ ਸਰ ਤੁਹਾਡੇ ਕੋਲ ਅਤੇ ਕਿਸ ਕਿਸ ਦੇ ਨਾਮ ਤੇ ਹੈ ਫੈਮਲੀ ਦੇ ।ਬੰਦੇ ਦਾ ਜਵਾਬ 150 ਏਕੜ ਜ਼ਮੀਨ ਹੈ ਮੇਰੇ ਕੋਲ ਤੇ ਬੇਟਾ ਤੇ ਬੇਟੀ ਕਨੈਡਾ ਨੇ ਅਤੇ ਮੇਰੀ ਬ੍ਰਦਰਜ਼ ਫੈਮਲੀ ਵੀ ਕਨੈਡਾ ਹੈ। ਕਾਰ ਫੋਰਚੁਨਰ ਦੋ ਟਰੈਕਟਰ ਨਿਉ ਹੋਲੈਂਡ ਇਕੋ ਸਾਹ ਵਿੱਚ ਵਿੱਚ ਉਸਨੇ ਕਿੰਨਾ ਕੁਝ ਦੱਸ ਦਿੱਤਾ ਜਿਵੇਂ ਮੈਨੂੰ ਆਪਣੀ ਜਾਇਦਾਦ ਧੰਨ ਬਾਰੇ ਬੜੇ ਮਾਣ ਨਾਲ ਦੱਸ ਰਿਹਾ ਸੀ । ਉਹ ਮੇਰੇ ਅੱਗੇ ਆਪਣੇ ਆਪ ਨੂੰ ਇਸ ਤਰਾਂ ਪੇਸ਼ ਕਰ ਰਿਹਾ ਸੀ । ਜਿਵੇਂ ਉਸ ਪਿੰਡ ਵਿੱਚ ਇਸ ਤੋਂ ਵੱਡਾ ਕੋਈ ਅਮੀਰ ਬੰਦਾ ਨਾ ਹੋਵੇ।

ਮੈਂ ਆਪਣਾ ਕੰਮ ਖਤਮ ਕੀਤਾ ਤੇ ਬੰਦੇ ਨੇ ਬਿਨਾਂ ਪਾਣੀ ਪੁੱਛੇ ਜਲਦੀ ਜਲਦੀ ਘਰੋਂ ਤੋਰ ਦਿੱਤਾ।

ਮੈਂ ਸੋਚਦਾ ਰਿਹਾ ਬੰਦੇ ਵਿਚ ਐਨਾ ਹੰਕਾਰ ਐਨੀ ਜਾਇਦਾਦ ਧੰਨ ਹੋਣ ਦੇ ਬਾਵਜੂਦ ਵੀ ਬੰਦੇ ਨੇ ਇੱਕ ਪਾਣੀ ਦਾ ਗਲਾਸ ਨਾ ਪੁੱਛਿਆ। ਇਹ ਮੇਰੇ ਨਾਲ ਕੋਈ ਪਹਿਲੀ ਵਾਰ ਨਾ ਹੋਇਆ ਸੀ ਮੈਂ ਚਾਰ ਪੰਜ ਸਾਲ ਤੋਂ ਇਹੋ ਨੋਕਰੀ ਕਰ ਰਿਹਾ ਤੇ ਐਵੇਂ ਦੇ ਲੋਕ ਬਹੁਤ ਮਿਲਦੇ ਸੀ ਵੈਸੇ ਕਮਾਲ ਦੀ ਹੈ ਦੁਨੀਆ ਵੀ।

ਇਹ ਸੋਚਦਾ ਮੈਂ ਘਰ ਨੂੰ ਚੱਲ ਪਿਆ। ਅੱਜ ਵਿਸਾਖੀ ਵੀ ਸੀ ਸਾਡੇ ਕੋਲ ਵੀ ਪਹਿਲਾਂ ਜ਼ਮੀਨ ਹੁੰਦੀ ਸੀ ਤਿੰਨ ਚਾਰ ਕਿਲੇ.

ਮੇਰੀ ਦਾਦੀ ਹੋਰੀ ਫਸਲ ਵਿੱਕੀ ਦੀ ਖੁਸ਼ੀ ਵਿੱਚ ਵਿਸਾਖੀ ਵਾਲੇ ਦਿਨ ਪਕੋੜੇ ਵੀ ਬਣਾਉਂਦੇ ਸੀ ਤੇ ਗਰੀਬ ਵੀ ਜੇ ਕੋਈ ਆ ਜਾਂਦਾ ਉਹਨੂੰ ਵੀ ਦੇਣੇ। ਪਰ ਕੋਈ ਮਾੜਾ ਟਾਇਮ ਆਇਆਂ ਸਾਡੀ ਜ਼ਮੀਨ ਵਿੱਕ ਗਈ ਸੀ ਸਾਰੀ ਅਸੀਂ ਦਿਲ ਦੇ ਅੱਜ ਵੀ ਉਹੀ ਸੁਭਾਅ ਦੇ। ਹਰ ਵਿਸਾਖੀ ਨੂੰ ਅਜੇ ਵੀ ਸਾਡੇ ਘਰ ਪਕੋੜੇ ਬਰੈਡ ਬਣਦੇ ਨੇ। ਮੈਂ ਫਟਾ ਫਟਾ ਘਰ ਆਇਆ ਨਹਾ ਧੋ ਕੇ ਸਵੇਰ ਦੇ ਭੁੱਖੇ ਤਿਹਾਏ ਨੇ ਪਾਣੀ ਚਾਹ ਪੀਤਾ ਤੇ ਰੋਜ਼ ਦੀ ਤਰਾ ਮੈਂ ਆਪਣੀ ਜ਼ਿੰਦਗੀ ਵਿੱਚ ਐਂਵੇ ਹੀ ਵਿਅਰਥ।

**ਦੂਜਾ ਇਨਸਾਨ** : ਕਈ ਦਿਨ ਬਾਅਦ ਫੇਰ ਇੱਕ ਐਵੇਂ ਦਾ ਬੰਦਾ ਮਿਲਿਆ ਮੈਂ ਪਿੰਡੋ ਫਲਾਣੇ ਦਾ ਘਰ ਪੁੱਛਦਾ ਉਹਦੇ ਘਰ ਪਹੁੰਚਿਆ ਉਹਦਾ ਇੱਕ ਕਰੋੜਾਂ ਦੇ ਘਰ ਦੇ ਸਾਹਮਣੇ ਡੰਗਰਾਂ ਵਾਲਾ ਦੋ ਕਨਾਲਾਂ ਦਾ ਵਾੜਾ ਬਣਿਆ ਹੋਇਆ ਸੀ। ਜਿੱਥੇ ਉਹ ਬੰਦਾ ਫੁੱਕਰੀ ਮਾਰਦਾ ਚੰਗੇ ਮੁੱਛਾਂ ਨੂੰ ਵੱਟ ਦਿੰਦਾ ਹੋਇਆ ਪੂਰਾ ਸੱਜਿਆ ਧੱਜਿਆ ਕਿਸੇ ਅਫਸਰ ਵਾਂਗ ਖੜਾ ਸੀ। ਉਸਦੀ ਸ਼ਕਲ ਦੇਖਕੇ ਐਵੇ ਲੱਗਦਾ ਸੀ ਜਿਵੇਂ ਪੁਲਿਸ ਚ ਐਸ ਐਚ ਓ ਲੱਗਾ ਹੋਵੇ। ਐਨੇ ਨੂੰ ਮੈਂ ਉਹਦੇ ਵੱਲ ਤੁਰਿਆ ਤੇ ਉਹ ਆਪਣੇ ਸੀਰੀ ਨੂੰ ਜੋ ਕਿ

ਪਰਦੇਸੀ ਬੰਦਾ ਸੀ ਉਹਨੂੰ ਵੱਢ ਖਾਣ ਪੈ ਰਿਹਾ ਸੀ।ਉਹਦੀਆਂ ਕੱਡੀਆਂ ਗਾਲਾ ਸੁਣਕੇ ਐਦਾਂ ਲੱਗ ਰਿਹਾ ਸੀ ਜਿਵੇਂ ਆਪਣੇ ਕਾਮਿਆਂ ਦਾ ਸਾਰਾ ਦਿਨ ਲਹੂ ਚੂਸ ਕੇ ਰੱਖਦਾ ਹੋਵੇ। ਸੀਰੀ ਨੂੰ ਗਾਲ਼ਾਂ ਕੱਢਦਾ ਹੋਇਆ ਮੇਰੇ ਵੱਲ ਆਕੇ ਹਾਂ ਦੱਸ ਬਾਈ ਤੂੰ ਵੀ ਮੈਂ ਆਪਣੇ ਕੰਮ ਬਾਰੇ ਦੱਸਦੇ ਨੇ ਉਸ ਨਾਲ ਕੰਮ ਬਾਰੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕੁੱਝ ਕੁ ਪੁੱਛ ਪੜਤਾਲ ਪਿਛੋ ਉਹੀ ਪੁੱਛਿਆ ਤੁਹਾਡੇ ਕੋਲ ਕਿੰਨੇ ਏਕੜ ਜ਼ਮੀਨ ਹੈ ਕਹਿੰਦਾ 70 ਤੋਂ 75 ਏਕੜ , ਕਾਰ ਔਡੀ ਤੇ ਸਵੀਫਟ, ਦੋ ਟਰੈਕਟਰ ਅਰਜਨ ਤੇ ਹੋਲੈਂਡ। ਮੈਂ ਦੱਸ ਕੁ ਮਿੰਟ ਲਾਏ ਉਹਦੇ ਕੋਲ ਤੇ ਆਪਣਾ ਕੰਮ ਖਤਮ ਕੀਤਾ , ਮੈਨੂੰ ਪਿਆਸ ਤਾਂ ਬਹੁਤ ਲੱਗੀ ਸੀ ।ਪਰ ਮੈਂ ਵੀ ਸੋਚ ਰਿਹਾ ਸੀ ਇਹੋ ਜਿਹੇ ਬੰਦੇ ਦੇ ਘਰੋਂ ਆਪ ਮੰਗਕੇ ਪਾਣੀ ਮੈਂ ਵੀ ਨਹੀਂ ਪੀਣਾ।। ਮੈਂ ਆਪਣੀ ਪੁੱਛ ਪੜਤਾਲ ਕਰਨ ਪਿੱਛੋਂ ਘਰ ਤੋਂ ਬਿਨਾਂ ਪਾਣੀ ਪੀਤੇ ਬਾਹਰ ਆ ਗਿਆ।

ਜਿਹਨਾਂ ਕੁ ਉਹਦੇ ਕੋਲ ਰੱਬ ਦਾ ਦਿੱਤਾ ਸੀ ਬੰਦਾ ਨੂੰ ਦਿਨ ਵਿੱਚ ਲੱਖ ਵਾਰ ਰੱਬ ਦਾ ਸ਼ੁਕਰ ਕਰਨਾ ਚਾਹੀਦਾ ਹੈ , ਪਰ ਉਹਦੇ ਚਿਹਰੇ ਤੇ ਹੰਕਾਰ ਲਿਸ਼ਕਾ ਮਾਰ ਰਿਹਾ ਸੀ । ਕਮਰੇ ਵਿੱਚ ਲੱਗੀਆਂ ਫੋਟੋਆ ਦੱਸ ਰਹੀਆਂ ਸਨ ਲੀਡਰਾਂ ਨਾਲ ਤਾਂ ਨਿੱਤ ਮੁਰਗਾ ਦਾਰੂ ਚੱਲਦਾ ਹੋਣਾ।

ਇੱਕ ਹੋਰ ਗੱਲ ਅੱਜ ਦੇ ਟਾਇਮ ਕਿਸਾਨਾਂ ਨੇ ਧਰਨਾ ਲਾਇਆ ਹੋਇਆ ਆਪਣੇ ਹੱਕਾ ਲਈ ਪਰ ਇਹ ਹੰਕਾਰੀ ਲੋਕ ਦੱਸ ਮਿੰਟ ਦਿੱਲੀ ਧਰਨੇ ਵਿੱਚ

ਵੀ ਨਹੀਂ ਬੈਠੇ ਹੋਣੇ ਜਾਕੇ ਇੱਕ ਤਾਂ ਇਹਨਾਂ ਦੇ ਚਿੱਟੇ ਕੁੜਤੇ ਪਜਾਮੇ ਛੇਤੀ ਮੈਲੇ ਹੁੰਦੇ ਉਥੇ ਜਾਣ ਨਾਲ ਤੇ ਦੂਜੀ ਇਹਨਾਂ ਨੂੰ ਲੀਡਰਾ ਨਾਲੋਂ ਵੇਹਲ ਕਿਥੇ। ਲੀਡਰਾਂ ਦੇ ਪੱਕੇ ਯਾਰ ਹੋਣ ਕਰਕੇ ਤਾਂ ਇਹ ਹੰਕਾਰੇ ਹੋਏ ਲੋਕ ਨੇ। ਇਹਨਾਂ ਕੋਲ ਵਾਧੂ ਹੈ ਰੱਬ ਦਾ ਦਿੱਤਾ ਤੇ ਗਰੀਬ ਬੰਦੇ ਨੂੰ ਰੋਟੀ ਜੋਗਾ ਇਹ ਛੱਡਣਾ ਨਹੀਂ ਚਾਹੁੰਦੇ। ਇਹ ਲੋਕ ਗਰੀਬ ਦੇ ਹੱਥੋਂ ਰੋਟੀ ਖੋਹਕੇ ਖਾਣ ਵਾਲੇ ਨਜ਼ਰ ਆਉਂਦੇ ਨੇ ਮੇਰੀਆਂ ਨਜ਼ਰਾਂ ਨੂੰ।

**ਤੀਜਾ ਇਨਸਾਨ** : ਇੱਕ ਵਾਰ ਏਦਾਂ ਹੀ ਮੇਰਾ ਪਸ਼ੂਆਂ ਵਾਲੇ ਡਾਕਟਰ ਨਾਲ ਮੇਲ ਹੋਇਆ ਜੋ ਕਿ ਮਹੀਨੇ ਦੀ ਡੇਢ ਲੱਖ ਤੋਂ ਵੱਧ ਤਨਖਾਹ ਲੈਂਦਾ ਸੀ ਤੇ ਹੰਕਾਰ ਉਹਦੇ ਵਿੱਚ ਵੀ ਪੂਰਾ ਸੀ ।ਮੈਂ ਉਹਦੇ ਕੋਲ ਪਹੁੰਚਿਆ ਜਦੋਂ ਮੈਂ ਆਪਣੇ ਬਾਰੇ ਦੱਸਿਆ ਆਹਾ ਕੰਮ ਆਇਆ ਮੈਂ ਅੱਗੋਂ ਹੱਸਕੇ ਮੈਨੂੰ ਕਹਿੰਦਾ ਬਹਿਜਾ , ਕਹਿੰਦਾ ਮੇਰੇ ਬਾਰੇ ਤੂੰ ਫੇਰ ਪੁੱਛੀ ਪਹਿਲਾਂ ਏ ਦੱਸ ਤੂੰ ਤੇਰੀ ਪੋਸਟ ਤੇ ਤੇਰੀ ਤਨਖਾਹ ਕੀ ਹੈ। ਮੈਂ ਸਮਝ ਤਾਂ ਗਿਆ ਸੀ ਕਿੱਥੇ ਗੱਲ ਮਾਰਦਾ ਸੀ। ਮੈਂ ਆਪਣੀ ਪੋਸਟ ਦੇ ਹਿਸਾਬ ਨਾਲ ਪੂਰੇ ਜੋਸ਼ ਨਾਲ ਉਸਨੂੰ ਦੋ ਕੂ ਹਜ਼ਾਰ ਤਨਖ਼ਾਹ ਵੱਧ ਦੱਸੀ ਮੇਰੇ ਲਈ ਤਾਂ ਇਹੋ ਬਹੁਤ ਵੱਡੀ ਗੱਲ ਸੀ ਵੀ ਮੇਰੀ ਇੰਨੀ ਕੁ ਤਨਖਾਹ ਤਾ ਹੈ ।ਪਰ ਉਸਦਾ ਫੇਰ ਵੀ ਉਹੀ ਜਵਾਬ ਸੁਣਨ ਨੂੰ ਮਿਲਿਆ ਤੂੰ ਸਾਡੀ ਕੀ ਜਾਂਚ ਪੜਤਾਲ ਕਰੇਂਗਾ। ਆਪਣਾ ਤਾਂ ਕੋਈ ਮੁਕਾਬਲਾ ਨਹੀਂ ਤੇ ਨਾਲ ਉਹਦੇ ਉਹਦਾ ਸਾਥੀ ਬੈਠਾ ਸੀ ਉਹਦੇ

ਵੱਲ ਮੂੰਹ ਕਰਕੇ ਹੱਸਣ ਲੱਗ ਪਿਆ। ਮੈਂ ਆਪਣੀ ਗਰੀਬੀ ਦਾ ਮਜਾਕ ਉਡਾਉਂਦਾ ਹੋਇਆ ਫਿਰ ਵੀ ਬੇਸ਼ਰਮ ਹੋਕੇ ਉਸਨੂੰ ਆਪਣੇ ਹੋਂਸਲੇ ਨਾਲ ਜੋ ਮੇਰਾ ਕੰਮ ਸੀ ਕਰ ਲਿਆ। ਤੇ ਉਥੋ ਵੀ ਮੈ ਪਾਣੀ ਦਾ ਘੁੱਟ ਨਾ ਪੀਂਦਾ ਚੱਲ ਪਿਆ।ਮੈਂ ਜਾਂਦਾ ਹੋਇਆ ਇਹੋ ਸੋਚ ਰਿਹਾ ਸੀ। ਕਦੋਂ ਮੁੱਕੇਗਾ ਇਹ ਲੋਕਾ ਦਾ ਹੰਕਾਰ।ਸਰੀਰ ਤਾਂ ਸਭ ਦਾ ਇੱਕੋ ਹੈ। ਸਭ ਨੇ ਇੱਕ ਦਿਨ ਮਿਟੀ ਹੋ ਜਾਣਾ।

**ਚੋਥਾ ਇਨਸਾਨ** : ਇਸ ਇਨਸਾਨ ਦਾ ਮੇਰੀ ਜੋਬ ਨਾਲ ਤਾਂ ਕੁੱਝ ਨਹੀਂ ਲੈਣਾ ਦੇਣਾ ਪਰ ਇਹ ਇਨਸਾਨ ਦੀ ਜ਼ਮੀਰ ਤਾਂ ਬਿਲਕੁਲ ਹੀ ਨਹੀਂ ਅਤੇ ਨਾ ਹੀ ਇਹਨੂੰ ਮੋਤ ਦਾ ਕੋਈ ਡਰ ਹੈ। ਕਿਵੇਂ ਆਜੋ ਦੱਸ ਹੀ ਦਿੰਨਾ ਇਸਦੇ ਬਾਰੇ ਵੀ ਕਈ ਸਾਲ ਹੋ ਗਏ ਤਕਰੀਬਨ 15 ਸਾਲ ਪਹਿਲਾਂ ਮੇਰੇ ਘਰਦਿਆਂ ਨੂੰ ਘਰੇਲੂ ਲੋੜ ਵਾਸਤੇ ਕੁੱਝ ਪੈਸਿਆਂ ਦੀ ਲੋੜ ਪੈ ਗਈ। ਇਹ ਬੰਦਾ ਪ੍ਰਾਈਵੇਟ ਫਾਇਨਾਂਸਰ ਸੀ ਤੇ ਸਾਡੇ ਸ਼ਹਿਰ ਦਾ ਹੀ ਬੰਦਾ ਸੀ ਘਰਦੇ ਇਸ ਨੂੰ ਮਿਲੇ ਤੇ ਘਰਦਿਆਂ ਨੇ ਆਪਣੀ ਮਜਬੂਰੀ ਇਸਨੂੰ ਦੱਸੀ ਤੇ ਉਹ ਪੈਸੇ ਦੇਣ ਲਈ ਮੰਨ ਗਿਆ ਪਰ ਕਹਿੰਦਾ ਕੁੱਝ ਕਾਗਜ਼ੀ ਕਾਰਵਾਈ ਕਰਨੀ ਪਵੇਗੀ।ਮੇਰੇ ਘਰ ਵਾਲੇ ਬਿਲਕੁਲ ਅਨਪੜ ਸੀ ਤੇ ਮੈਂ ਉਦੋਂ ਦੱਸ ਕੁ ਸਾਲ ਦਾ ਸੀ ਮੈਨੂੰ ਵੀ ਕੁੱਝ ਨਹੀਂ ਪਤਾ ਸੀ।

ਘਰਦਿਆਂ ਨੂੰ ਬਹੁਤ ਲੋੜ ਸੀ ਇਸ ਕਰਕੇ ਘਰਦੇ ਕਹਿੰਦੇ ਕੋਈ ਨਹੀਂ ਤੁਸੀਂ ਕਰਲੋ ਜੋ ਕਾਰਵਾਈ ਕਰਨੀ ਆਪਦੀ । ਕਹਿੰਦਾ ਤੁਹਾਨੂੰ ਘਰਦੀ ਰਜਿਸਟਰੀ ਰੱਖਣੀ ਪੈਣੀ ਮੇਰੇ ਕੋਲ ਪੈਸੇ ਦੇ ਦੇਵਾਂਗਾ ਤੇ ਤਹਿਸੀਲ ਜਾਣਾ ਪੈਣਾ ਆਪਾਂ ਨੂੰ ਕੁੱਝ ਕਾਰਵਾਈ ਉਥੇ ਕਰਾਂਗੇ ।ਘਰ ਵਾਲੇ ਅਗਲੇ ਦਿਨ ਉਹਦੇ ਕੋਲ ਪਹੁੰਚ ਗਏ। ਤੇ ਉਹ ਮੇਰੇ ਘਰਦਿਆਂ ਨੂੰ ਨਾਲ ਲੈਕੇ ਤਹਿਸੀਲ ਚਲਾ ਗਿਆ । ਉਥੇ ਜਾਕੇ ਪੈਸੇ ਦੇ ਦਿੱਤੇ ਘਰ ਵਾਲਿਆਂ ਨੂੰ ਤੇ ਲਿਖ ਲਿਖਾਂ ਕਰਨ ਲੱਗਾ ਜੋ ਘਰਦਿਆਂ ਨੇ ਕਰਵਾ ਦਿੱਤਾ ਉਸ ਤੋਂ ਬਾਅਦ ਕਹਿਣ ਲੱਗਾ ਤਹਿਸੀਲ ਅੰਦਰ ਆਪਣੀ ਫੋਟੋ ਹੋਵੇਗੀ ਤੇ ਅਫਸਰ ਪੁੱਛੇਗਾ ਪੈਸੇ ਮਿਲ ਗਏ ਤਾਂ ਤੁਸੀਂ ਕਹਿਣਾ ਹਾਂ ਮਿਲ ਗਏ ਵੇਸੇ ਪੈਸੇ ਤਾਂ ਉਹਨੇ ਦੇ ਹੀ ਦਿੱਤੇ ਸੀ। ਘਰਦਿਆਂ ਨੂੰ ਨਹੀਂ ਪਤਾ ਸੀ ਇਹ ਕੀ ਕਰ ਰਿਹਾ ।ਪਰ ਉਹਨੇ ਥੋੜੇ ਜਿਹੇ ਪੈਸੇ ਦੇਕੇ ਸਾਡਾ ਘਰ ਆਪਣੇ ਨਾਮ ਕਰਵਾ ਲਿਆ।

ਕੁੱਝ ਸਮਾਂ ਲੱਗਿਆ ਮੇਰੇ ਮਾਤਾ ਜੀ ਬਿਮਾਰ ਹੋ ਗਏ ਜਿਸ ਕਰਕੇ ਸਾਨੂੰ ਜਲਦੀ ਜਲਦੀ ਓਪਰੇਸ਼ਨ ਕਰਵਾਨਾਂ ਪਿਆ। ਘਰ ਵਿੱਚ ਉਦੋਂ ਕੱਲੇ ਪਿਤਾ ਜੀ ਹੀ ਕਮਾਉਣ ਵਾਲੇ ਸੀ ਉਹ ਵੀ ਇੱਕ ਫੈਕਟਰੀ ਵਿੱਚ ਮਜ਼ਦੂਰ। ਘਰਦਾ ਖਰਚਾ ਬਹੁਤ ਔਖਾਂ ਹੋ ਗਿਆਂ ਸੀ ਜਿਸ ਕਰਕੇ ਉਸ ਫਾਇਨਾਂਸਰ ਦੇ ਪੈਸੇ ਘਰਦਿਆਂ ਤੋਂ ਕਾਫੀ ਲੇਟ ਹੋ ਗਏ। ਉਹ ਫਾਇਨਾਂਸਰ ਵੀ ਸਾਡੇ ਸ਼ਹਿਰ ਤੋਂ ਜ਼ੀਰਕਪੁਰ ਜਾਕੇ ਰਹਿਣ ਲੱਗ ਗਿਆ ਸੀ। ਤੇ ਉਥੋ ਉਹ ਫਾਇਨਾਂਸਰ ਸਾਡੇ ਘਰ ਗੇੜੇ ਮਾਰਨ ਲੱਗਾ ਤੇ ਕਹਿਣ ਲੱਗਾ ਤੁਹਾਡਾ ਵਿਆਜ ਬਹੁਤ ਬਣ

ਗਿਆ ਜਾਂ ਮੇਰੇ ਪੈਸੇ ਦਵੋ ਜਾ ਘਰ ਖਾਲੀ ਕਰੋ। ਉਸਦਾ ਰਿਕਵਰੀ ਵਾਲਾ ਬੰਦਾ ਇਥੋਂ ਨਾਲ ਦੇ ਪਿੱਂਡ ਦਾ ਹੀ ਸੀ।ਹੋਲੀ ਹੋਲੀ ਥੋੜਾ ਥੋੜਾ ਟਾਇਮ ਪਾਕੇ ਘਰਦੇ ਉਸਨੂੰ ਹੱਥੀਂ ਜਾ ਕੇ ਪੈਸੇ ਦਿੰਦੇ ਰਹੇ। ਤਕਰੀਬਨ ਪੰਜ ਸਾਲਾਂ ਵਿੱਚ ਉਹਦੇ ਪੈਸੇ ਪੂਰੇ ਕਰ ਦਿੱਤੇ ਪੰਜ ਸਾਲਾਂ ਵਿੱਚ ਉਸਨੇ ਪਾਣੀ ਵਾਂਗੂੰ ਵਿਆਜ ਲਾਇਆ।ਪਰ ਪੈਸੇ ਪੂਰੇ ਕਰਨ ਤੇ ਘਰਦਿਆਂ ਨੇ ਕਿਹਾ ਸਾਡੀ ਰਜਿਸਟਰੀ ਵਾਪਸ ਦੇ ਦੋ ਹੁਣ ਸਾਨੂੰ ਕਹਿਣ ਲੱਗਾ ਤੁਹਾਡਾ ਅਜੇ ਵੀ ਵਿਆਜ ਹੋਰ ਰਹਿੰਦਾ ਉਹ ਦਵੋ।
ਔਖੇ ਹੋਕੇ ਘਰਦਿਆਂ ਨੇ ਇੱਕ ਸਾਲ ਦਾ ਸਮਾਂ ਹੋਰ ਲੈ ਲਿਆ ਤੇ ਉਸਨੂੰ ਪੈਸੇ ਦਿੰਦੇ ਗਏ। ਪੈਸੇ ਦੇਣ ਤੋਂ ਬਾਅਦ ਉਸਨੇ ਫੇਰ ਵੀ ਸਾਨੂੰ ਕੋਈ ਰਾਹ ਨਹੀਂ ਦਿੱਤਾ।

ਹੋਲੀ ਹੋਲੀ ਉਹ ਸਾਨੂੰ ਮਿਲਣਾ ਬੰਦ ਹੋ ਗਿਆ। ਤੇ ਆਸੀ ਉਹਦੇ ਰੀਕਵਰੀ ਵਾਲੇ ਬੰਦੇ ਕੋਲ ਗਏ ਉਹਨੂੰ ਪੁੱਛਿਆ ਉਹਦੇ ਬਾਰੇ ਉਹ ਵੀ ਕਹਿਣ ਲੱਗਾ ਮੈਂ ਉਹਦੇ ਕੋਲੋਂ ਨੋਕਰੀ ਛੱਡ ਦਿੱਤੀ ਤੇ ਉਹ ਪਤਾ ਨਹੀਂ ਚੰਡੀਗੜ੍ਹ ਕਿਥੇ ਰਹਿਦਾ ਹੁਣ।
ਕੁੱਝ ਟਾਇਮ ਘਰਦੇ ਉਸਨੂੰ ਲੱਭਦੇ ਰਹੇ।ਉਹ ਤਾਂ ਨਾ ਮਿਲਿਆ ਤੇ ਕੁੱਝ ਬੈਂਕ ਦੇ ਅਫਸਰ ਸਾਡੇ ਘਰ ਆਏ। ਤੇ ਉਹ ਸਾਨੂੰ ਕਾਗਜ਼ਾਂ ਦਾ ਚੱਠਾ ਫਰੋਲ ਕੇ ਦਿਖਾਉਣ ਲੱਗੇ ਤੇ ਕਹਿਣ ਲੱਗੇ ਜਿਸ ਘਰ ਵਿੱਚ ਤੁਸੀ ਰਹਿ ਰਹੇ ਹੋ।ਇਹ ਇਸ ਬੰਦੇ ਦੇ ਨਾਮ ਤੇ ਹੈ। ਇਸ ਘਰ ਉਪਰ 15 ਲੱਖ ਦਾ

ਲੋਨ ਹੈ। ਸਾਡੇ ਪੈਰਾ ਥੱਲੋਂ ਜ਼ਮੀਨ ਨਿਕਲ ਗਈ। ਬੈਂਕ ਵਾਲੇ ਸਾਨੂੰ ਕੁੱਝ ਦਿਨਾਂ ਦਾ ਟਾਇਮ ਦੇ ਗਏ ਤੇ ਬੈਂਕ ਆਉਣ ਲਈ ਕਿਹਾ ।ਅਸੀਂ ਅਗਲੇ ਦਿਨ ਹੀ ਨਾਲ ਦੋ ਚਾਰ ਸਿਆਣੇ ਬੰਦੇ ਲੈਕੇ ਬੈਂਕ ਜਾ ਪਹੁੰਚੇ।ਉਥੋ ਸਾਨੂੰ ਪਤਾ ਲੱਗਾ ਇਹ ਬੰਦਾ ਠੱਗ ਹੈ ਤੇ ਉਹ ਕਈਆ ਨਾਲ ਹੀ ਏਦਾਂ ਠੱਗੀ ਲਾ ਗਿਆ। ਅਸੀ ਬਹੁਤ ਹੀ ਜ਼ਿਆਦਾ ਪ੍ਰੇਸ਼ਾਨ ਹੋ ਗਈ ਅਸੀਂ ਕਦੇ ਕਿਸੇ ਦੇ ਪੈਰ ਫੜੀਏ ਕਦੇ ਕਿਸਦੇ ਤੇ ਬੈਂਕ ਵਾਲੇ ਵੀ ਸਾਨੂੰ ਕਹਿੰਦੇ ਘਰ ਖਾਲੀ ਕਰਨਾ ਪੈਣਾ। ਕੁੱਝ ਬੰਦੇ ਪਾਕੇ ਅਸੀਂ ਬੈਂਕ ਤੋਂ ਟਾਇਮ ਲੈ ਲਿਆ।

ਤੇ ਅਸੀਂ ਪੁਲਿਸ ਕਾਰਵਾਈ ਕਰਨ ਲੱਗੇ ਸਾਡੀ ਤਾਂ ਕੋਈ ਪੁਲਿਸ ਵਾਲਾ ਵੀ ਨਾ ਚੱਜ ਨਾਲ ਸੁਣੇ ਜੇ ਕੋਈ ਸੁਣੇ ਤਾਂ ਕਹੇ ਤੁਹਾਡੇ ਕੋਲ ਕੋਈ ਸਬੂਤ ਹੈ । ਪਰ ਬੰਦਾ ਪਤਾ ਨਹੀਂ ਕਿੰਨੇ ਲੋਕਾਂ ਨਾਲ ਠੱਗੀ ਲਾ ਗਿਆ। ਪਰ ਪੁਲਿਸ ਅਜੇ ਵੀ ਸਬੂਤ ਮੰਗਦੀ ਸੀ । ਅਸੀਂ ਕਿਸੇ ਅਫਸਰ ਦੀ ਸਿਫਾਰਸ਼ ਪਵਾਕੇ ਦੁਬਾਰਾ ਪਟਿਆਲਾ ਕੇਸ ਲਾਇਆ ਉਥੇ ਸਾਨੂੰ ਤੇ ਉਹਨੂੰ ਕੁੱਝ ਦਿਨਾਂ ਬਾਅਦ ਬਲਾਇਆ ਅਸੀਂ ਭੋਲੇ ਭਾਲੇ ਉਹ ਚੁਸਤ ਚਲਾਕ ਕਿਥੇ ਰਾਹ ਆਉਣ ਦੇਵੇ ਸਾਨੂੰ । ਸਾਨੂੰ ਤਿੰਨ ਵਾਰ ਬੁਲਾਇਆ ਉਹਨਾਂ ਨੇ ਪਰ ਸਾਡੀ ਕੋਈ ਸੁਣਵਾਈ ਨਹੀਂ ਸੀ ਹੁੰਦੀ ।

ਪੜੇ ਨਾ ਹੋਣ ਕਰਕੇ ਘਰਦਿਆਂ ਨੂੰ ਵੀ ਕੁੱਝ ਨਹੀਂ ਪਤਾ ਸੀ ਕਰਨਾ ।ਬਾਕੀ ਸਭ ਨੂੰ ਪਤਾ ਹੀ ਹੈ ਪੁਲਿਸ ਵਾਲੇ ਪੈਸੇ ਲੈ ਦੇ ਕੇ ਕੇਸ ਰਫਾ ਦਫਾ ਕਰ

ਦਿੰਦੇ ਨੇ ਉਹ ਆਇਆਂ ਕਰੇ ਉਥੇ ਲੱਕ ਨਾਲ ਪਿਸਟਲ ਲਾਕੇ ਤੇ ਪੈਸੇ ਦੇਕੇ ਅਫਸਰਾ ਨੂੰ ਗੱਡੀ ਦੀ ਸੈਲਫੀ ਮਾਰਕੇ ਉਹ ਪਾਰ ਜਾਵੇ ਅਸੀਂ ਰੋਂਦੇ ਕੁਰਲਾਉਂਦੇ ਘਰ ਨੂੰ।

ਕੁੱਝ ਦਿਨ ਬਾਅਦ ਅਸੀਂ ਉਹਦਾ ਪਤਾ ਲੱਭਦੇ ਉਹਦੇ ਭਾਣਜੇ ਕੋਲ ਪਹੁੰਚ ਗਏ ਜੋ ਕਿ ਸਾਨੂੰ ਪਤਾ ਲੱਗਾ ਸੀ ਉਹਦੇ ਭਾਣਜੇ ਸਾਡੇ ਸ਼ਹਿਰ ਹੀ ਰਹਿੰਦੇ ਸੀ। ਉਹਨਾਂ ਦੇ ਭਾਣਜਿਆ ਤੋਂ ਪਤਾ ਲੱਗਾ ਉਹ ਤਾਂ ਬਹੁਤ ਵੱਡਾ ਠੱਗ ਹੈ ।ਤੇ ਉਹ ਸਾਡੀ ਭੈਣ ਦੀ ਸਾਰੀ ਜਾਇਦਾਦ ਵੇਚਕੇ ਖਾ ਚੁੱਕਾ ਹੈ ਤੇ ਉਸਨੂੰ ਤਲਾਕ ਦੇ ਕੇ ਹੁਣ ਕਿਸੇ ਹੋਰ ਨਾਲ ਜ਼ੀਰਕਪੁਰ ਰਹਿ ਰਿਹਾ ਹੈ। ਅਸੀਂ ਉਹਨਾਂ ਤੋਂ ਉਹਦਾ ਪਤਾ ਲਿਆ ਤੇ ਵਿੱਚ ਬੰਦੇ ਪਾਕੇ ਆਪਣੇ ਸ਼ਹਿਰ ਕਿਸੇ ਦੇ ਘਰ ਬੁਲਾਇਆ ਸਭ ਨੇ ਬਹੁਤ ਤਰਲੇ ਕੀਤੇ , ਵੀ ਤੂੰ ਗਰੀਬ ਬੰਦਿਆਂ ਦੇ ਨਾਲ ਏਦਾਂ ਨਾ ਕਰ ਉਹ ਤਾਂ ਸਾਡੇ ਸਾਹਮਣੇ ਝੂਠੀਆਂ ਸੌਹਾਂ ਵੀ ਖਾ ਗਿਆਂ ਤੇ ਕਹਿਣ ਲੱਗਾ ਮੈਂ ਗੁਰੂ ਘਰ ਵੀ ਵੜ ਜਾਨਾਂ ਮੈਂ ਇਹਨਾਂ ਤੋਂ ਘਰ ਖ਼ਰੀਦਿਆ ਸੀ ।ਉਹ ਨਾ ਮੰਨਿਆ ।

ਸਭ ਨੇ ਥੱਕ ਹਾਰਕੇ ਸਾਡਾ ਰੋਜ਼ ਰੋਜ਼ ਸਾਥ ਦੇਣਾ ਛੱਡ ਦਿੱਤਾ ।
ਤੇ ਬੈਂਕ ਵਾਲੇ ਵੀ ਪ੍ਰੇਸ਼ਾਨ ਹੋਰ ਕਰਨ ਲੱਗ ਪਏ।

ਫੇਰ ਇੱਕ ਦੋ ਰਿਸ਼ਤੇਦਾਰਾ ਨੇ ਮੇਰੇ ਤਾਇਆ ਜੀ ਕੋਲ ਗੱਲ ਕੀਤੀ ਉਹ ਗੁਰੂ ਘਰ ਦੀ ਸੇਵਾ ਕਰਦੇ ਨੇ ਬਚਪਨ ਤੋਂ ਦੋ ਲੁਧਿਆਣੇ ਹੀ ਰਹਿੰਦੇ ਸੀ।

ਉਹ ਆਏ ਤੇ ਉਹਨਾਂ ਨੇ ਬੈਂਕ ਵਾਲਿਆਂ ਨਾਲ ਗੱਲ ਕੀਤੀ ਵੀ ਸਾਨੂੰ ਸਹੀ ਰਾਹ ਪਾਉ ਤੁਸੀਂ ਹੀ ।ਬੈਂਕ ਵਾਲਿਆਂ ਨੂੰ ਪਤਾ ਸੀ ਉਹ ਬੰਦਾ ਤਾਂ ਧੋਖਾ ਕਰਕੇ ਗਿਆ ।

ਚਲੋ ਇਹ ਬੰਦੇ ਸਹੀ ਨੇ ਇਹਨਾਂ ਨਾਲ ਜਿਵੇਂ ਹੁੰਦਾ ਗੱਲਬਾਤ ਕਰ ਲੈਨੇ ਆ ।

ਅਸੀ ਘਰ ਤਾਂ ਆਪਣਾ ਵਾਪਿਸ ਲੈਣਾ ਹੀ ਸੀ । ਪਰ ਨਾ ਤਾਂ ਸਾਡੇ ਕੋਲ ਪੈਸੇ ਸੀ ਕੀ ਅਸੀਂ ਇਸਨੂੰ ਬੈਂਕ ਤੋਂ ਖਰੀਦ ਸਕੀਏ ਤਾਂ ਨਾ ਹੀ ਬੈਂਕ ਸਾਨੂੰ ਕਿਸ਼ਤਾਂ ਤੇ ਦਿੰਦਾ ਸੀ । ਫੇਰ ਬੈਂਕ ਨੇ ਸਾਨੂੰ ਕਿਹਾ ਅਸੀਂ ਇਸਦੀ ਵੇਲੁਏਸਨ ਪਵਾ ਲੈਨੇ ਤੁਸੀਂ ਉਹਨੇ ਪੈਸੇ ਦੇਕੇ ਆਪਣੇ ਘਰ ਦੀ ਵਾਪਿਸ ਸਾਡੇ ਤੋਂ ਰਜਿਸਟਰੀ ਕਰਵਾ ਲਵੋ।

ਆਖਿਰ ਨੂੰ ਤਾਇਆ ਜੀ ਦੀ ਵਧੀਆ ਸੀ ਉਹਨਾਂ ਨੇ ਬੰਦੇ ਪਾਕੇ ਗੱਲ 7 ਲੱਖ ਵਿੱਚ ਨਬੇੜ ਲਈ ਬੈਂਕ ਵਾਲੇ ਵੀ ਤਾਂ ਮੰਨ ਗਏ ਸੀ ਕਿਉਂਕਿ ਉਸਦੀਆ ਹੋਰ ਵੀ ਪ੍ਰੋਪਟੀਆ ਉਹਨਾਂ ਦੇ ਕਬਜ਼ੇ ਚ ਸੀ। ਤਾਇਆ ਜੀ ਨੇ ਕੁੱਝ ਦਿਨ ਦਾ ਟਾਇਮ ਲਿਆ ਤੇ ਪੈਸੇ ਤਿਆਰ ਕਰਕੇ ਘਰਦੀ ਰਜਿਸਟਰੀ ਕਰਵਾ ਲਈ ਪਰ ਅਸੀਂ ਤਾਏ ਦੇ ਪੈਸੇ ਅਜੇ ਤੱਕ ਵੀ ਨਹੀਂ ਉਤਾਰ ਸਕੇ।

ਇਹ ਲੋਕਾਂ ਦਾ ਹੰਕਾਰ ਕਦੋਂ ਮੁੱਕੇਗਾ ਇਹ ਲੋਕ ਇੱਕ ਵਹਿਮ ਰੱਖੀ ਫਿਰਦੇ ਨੇ ਕਿ ਇਹਨਾ ਨੇ ਸ਼ਾਇਦ ਸੋ ਸਾਲ ਹੀ ਦੁਨੀਆਂ ਤੇ ਕੱਟ ਕੇ ਜਾਣੇ ਨੇ । ਇਹ ਲੋਕ ਪੈਸੇ ਦੇ ਲਾਲਚ ਵਿੱਚ ਆਪਣੀ ਜ਼ਮੀਰ ਤੱਕ ਯਾਦ ਨਹੀਂ ਰੱਖਦੇ ।ਮੋਤ ਨਾਮ ਦਾ ਸ਼ਬਦ ਤਾਂ ਇਹਨਾਂ ਨੂੰ ਯਾਦ ਨਹੀਂ ਹੋਣਾਂ ਜਿਹੜੇ ਹਿਸਾਬ ਨਾਲ ਮੈਂ ਇਹਨਾਂ ਦਾ ਵਰਤਾਰਾ ਦੇਖਿਆ ਹੈ ।

ਇਹਨਾਂ ਦੇ ਦਿਮਾਗ ਵਿੱਚ ਚੰਗੀ ਸੋਚ ਦਾ ਤੁਫਾਨ ਪਤਾ ਨਹੀਂ ਕਦੋਂ ਵੱਗੇਗਾ।

ਸੁੱਖ ਸਿੰਘ ਮੱਟ

# ਸੁਨੇਹੇ ਕਵਿਤਾ

ਐਨਾ ਕਰੇ ਕਿਉਂ ਹੰਕਾਰ ,ਕਦੋਂ ਛੱਡ ਜਾਣਾ ਏ ਸੰਸਾਰ
ਕਾਹਦਾ ਕਰਦਾ ਮਾਣ ,ਸਾਹਾਂ ਤੇ ਜਰਾ ਨਾ ਇਤਬਾਰ
ਕਬਰਾਂ ਤੱਕ ਸਭ ਨੇ ਜਾਣਾ , ਜਾਣਾ ਸਭ ਨੇ ਮਰਕੇ
ਇੱਕੋ ਵਾਰੀ ਆਉਣਾ ਜੱਗ ਤੇ ਆਉਣਾ ਨਹੀ ਵਾਰ ਵਾਰ
ਜਿਹਨਾਂ ਦਿੱਤਾ ਉਹਦਾ ਸ਼ੁਕਰ ਮਨਾਇਆ ਕਰ
ਕਦ ਦਾਤੇ ਨੇ ਦੇਣਾ ਪਤਾ ਨਹੀ ਮਿੱਟੀ ਵਿੱਚ ਖਿਲਾਰ

ਸਭ ਨੂੰ ਵੰਡਿਆ ਕਰ ਭਰਕੇ ਮੁੱਠਾਂ ਰੰਗ ਖੁਸ਼ੀਆਂ ਦੇ
ਚਾਹ ਮਨਾਉਣੇ ਸਿਖਲਾ ਜਿੰਦੜੀਏ ਸੰਗ ਖੁਸ਼ੀਆਂ ਦੇ
ਲਿਸ਼ਕੇ ਹੰਕਾਰ ਨੂੰ ਫਿੱਕਾ ਪਾਲਾ ਜ਼ਮੀਰਾਂ ਨੂੰ ਨਿਹਾਰ
ਜਿਹਨਾਂ ਦਿੱਤਾ ਉਹਦਾ ਸ਼ੁਕਰ ਮਨਾਇਆ ਕਰ
ਕਦ ਦਾਤੇ ਨੇ ਦੇਣਾ ਪਤਾ ਨਹੀਂ ਮਿੱਟੀ ਵਿੱਚ ਖਿਲਾਰ

ਲਫ਼ਜ਼ ਨੂੰ ਵਰਤੇ ਕਿਉਂ ਜ਼ਬਾਨੋਂ ਜ਼ਹਿਰ ਵਾਂਗੂੰ ਤੂੰ ਕੋੜਾ
ਸ਼ਹਿਦ ਦੇ ਵਾਂਗੂੰ ਮਿੱਠਾ ਹੱਸਕੇ ਬੋਲਿਆ ਕਰ ਤੂੰ ਥੋੜਾ

ਸਗਨਾ ਦੇ ਪਤਾਸਿਆਂ ਵਰਗਾ ਵੰਡਿਆਂ ਕਰ ਪਿਆਰ
ਜਿਹਨਾਂ ਦਿੱਤਾ ਉਹਦਾ ਸ਼ੁਕਰ ਮਨਾਇਆ ਕਰ
ਕਦ ਦਾਤੇ ਨੇ ਦੇਣਾ ਪਤਾ ਨਹੀਂ ਮਿੱਟੀ ਵਿੱਚ ਖਿਲਾਰ

ਗਲ ਲੱਗ ਸਭ ਦੇ ਬੰਦਿਆਂ ਭੁਲਕੇ ਮਾਨਸ ਕੀ ਜਾਤ
ਬੰਨ ਦੇ ਤੰਦ ਸਬਰ ਵਾਲੀ ਪਾਵੇ ਕਿਉਂ ਉਲਝੀ ਬਾਤ
ਕੱਚੇ ਘੜੇ ਦੀ ਮਿੱਟੀ ਦਾ ਇੱਕ ਬੁੱਲਾਂ ਕਰ ਤਿਆਰ
ਜਿਹਨਾਂ ਦਿੱਤਾ ਉਹਦਾ ਸ਼ੁਕਰ ਮਨਾਇਆ ਕਰ
ਕਦ ਦਾਤੇ ਨੇ ਦੇਣਾ ਪਤਾ ਨਹੀਂ ਮਿੱਟੀ ਵਿੱਚ ਖਿਲਾਰ

ਕਿਥੇ ਤੁਰਿਆ ਜਾਵੇ ਕੱਲਾ ਮੋੜ ਬੜੇ ਨੇ ਰਾਹਾਂ ਵਿੱਚ
ਪਰਛਾਵੇਂ ਵੀ ਨਹੀਂ ਲੱਭਦੇ ਸੱਜਣਾ ਆਪਣੇ ਏਥੇ ਛਾਵਾਂ ਵਿੱਚ
ਰਿਸ਼ਤਿਆਂ ਦੇ ਬੀਜ ਉਗਾਕੇ ਨਵੇਂ ਰਿਸ਼ਤੇ ਕਰ ਤਿਆਰ
ਜਿਹਨਾਂ ਦਿੱਤਾ ਉਹਦਾ ਸ਼ੁਕਰ ਮਨਾਇਆ ਕਰ
ਕਦ ਦਾਤੇ ਨੇ ਦੇਣਾ ਪਤਾ ਨਹੀਂ ਮਿੱਟੀ ਵਿੱਚ ਖਿਲਾਰ

ਸੁੱਖ ਸਿੰਘ ਮੱਟ

**9569133888**

ਪੜਨ ਲਈ ਸਭ ਦਾ ਦਿਲੋਂ ਧੰਨਵਾਦ ਤੇ ਤੁਸੀਂ ਮੈਨੂੰ ਹੇਠਾਂ ਦਿੱਤੇ ਨੰਬਰਾਂ ਤੇ ਵਟਸਐਪ ਕਾਲ ਕਰਕੇ ਵੀ ਦੱਸ ਸਕਦੇ ਹੋ ਰਚਨਾ ਕਿਵੇਂ ਲੱਗੀ।

Facebook id ਸੁੱਖ ਸਿੰਘ ਮੱਟ

Insta id sukh_singh__matt

Contact

Whatsapp 9569133888

7889079971

ਧੰਨਵਾਦ ਜੀ